Department of Education
GOVERNMENT OF WESTERN AUSTRALIA

# ਯੂਨੀਕ ਸਟੂਡੈਂਟ ਆਈਡੈਂਟੀਫਾਇਰ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਆਸਟ੍ਰੇਲੀਆਈ ਸਰਕਾਰ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸਿਖਲਾਈ ਯੋਗਤਾਵਾਂ ਲੈਣ ਵਾਲੇ ਹਰੇਕ ਵਿਅਕਤੀ ਕੋਲ 'ਯੂਨੀਕ ਸਟੂਡੈਂਟ ਆਈਡੈਂਟੀਫਾਇਰ' (USI) ਹੋਣ ਦੀ ਮੰਗ ਕਰਦੀ ਹੈ। ਇਹ ਹੁਣ 1 ਜਨਵਰੀ 2021 ਤੋਂ ਉੱਚ ਸਿੱਖਿਆ ਸ਼ੁਰੂ ਕਰਨ ਵਾਲੇ ਸਾਰੇ ਵਿਦਿਆਰਥੀਆਂ ਲਈ ਹੋਣ ਤੱਕ ਵਧਾਇਆ ਗਿਆ ਹੈ ਅਤੇ 2023 ਜਾਂ ਬਾਅਦ ਵਿੱਚ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਲਈ ਆਪਣੀ ਡਿਗਰੀ ਪ੍ਰਾਪਤ ਕਰਨ ਲਈ ਇਸਦਾ ਹੋਣਾ ਲਾਜ਼ਮੀ ਹੈ।

ਜੇਕਰ ਤੁਸੀਂ ਯੂਨੀਵਰਸਿਟੀ, TAFE ਵਿੱਚ ਹੋ ਜਾਂ ਕੋਈ ਹੋਰ ਰਾਸ਼ਟਰੀ ਮਾਨਤਾ ਪ੍ਰਾਪਤ ਸਿਖਲਾਈ ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਨੂੰ USI ਦੀ ਲੋੜ ਹੈ। ਤੁਹਾਨੂੰ ਕਾਮਨਵੈਲਥ ਵਿੱਤੀ ਸਹਾਇਤਾ, ਤੁਹਾਡੀ ਵਿੱਦਿਅਕ ਯੋਗਤਾ ਜਾਂ ਉਸਦਾ ਪ੍ਰਾਪਤੀ ਬਿਆਨ (statement of attainment) ਪ੍ਰਾਪਤ ਕਰਨ ਲਈ ਇਸਦੇ ਹੋਣ ਦੀ ਲੋੜ ਹੈ।

ਇਸ ਵਿੱਚ ਉਹ ਸਕੂਲੀ ਵਿਦਿਆਰਥੀ ਵੀ ਸ਼ਾਮਿਲ ਹਨ ਜੋ ਆਪਣੇ ਸਕੂਲ ਪ੍ਰੋਗਰਾਮ ਦੇ ਹਿੱਸੇ ਵਜੋਂ ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ (VET) ਯੋਗਤਾ ਵਿੱਚ ਦਾਖਲਾ ਲੈ ਰਹੇ ਹਨ ਜਾਂ ਡਿਗਰੀ ਸੰਸਥਾਵਾਂ ਵਾਲੇ ਸੇਵਾ ਕੇਂਦਰ (Tertiary Institutions Service Centre)[1] (TISC) ਰਾਹੀਂ ਯੂਨੀਵਰਸਿਟੀ ਵਿੱਚ ਅਰਜ਼ੀ ਦੇ ਰਹੇ ਹਨ।

## USI ਕੀ ਹੈ?

USI 2015 ਤੋਂ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਜਾਰੀ ਕੀਤੀ ਗਈ ਦਸ-ਅੱਖਰਾਂ ਦੇ ਸ਼ਬਦਾਂ ਅਤੇ ਅੰਕਾਂ ਦੇ ਸੁਮੇਲ ਵਾਲੀ ਸੰਦਰਭ ਸੰਖਿਆ ਹੈ। USI ਇੱਕ ਵਿਅਕਤੀ ਦੇ ਨਾਲ ਜੀਵਨ ਭਰ ਰਹਿੰਦਾ ਹੈ ਅਤੇ ਵਿਅਕਤੀ ਦੀਆਂ ਪ੍ਰਾਪਤੀਆਂ ਦੇ ਰਿਕਾਰਡ ਨੂੰ ਇੱਕ ਔਨਲਾਈਨ ਖਾਤੇ ਵਿੱਚ ਐਕਸੈਸ ਕਰਨ ਦੇ ਯੋਗ ਬਣਾਉਂਦਾ ਹੈ ਜਿਸਨੂੰ ਉਹ ਵਿਅਕਤੀ ਆਪ ਕੰਟਰੋਲ ਕਰਦਾ ਹੈ। USI ਪ੍ਰਾਪਤ ਕਰਨਾ ਮੁਫ਼ਤ ਹੈ ਅਤੇ ਸੈੱਟਅੱਪ ਕਰਨ ਲਈ ਲਗਭਗ 5 ਮਿੰਟ ਲੱਗਣਗੇ। USI ਖਾਤੇ ਤੱਕ ਕਿਸੇ ਵੀ ਸਮੇਂ ਔਨਲਾਈਨ ਪਹੁੰਚ ਕੀਤੀ ਜਾ ਸਕਦੀ ਹੈ। ਤੁਸੀਂ USI ਬਾਰੇ ਹੋਰ ਭਾਸ਼ਾਵਾਂ ਵਿੱਚ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ[2]।

## ਕੋਈ ਵਿਦਿਆਰਥੀ USI ਕਿਵੇਂ ਬਣਾਉਂਦਾ ਹੈ?

1. ਇਸ ਲਈ ਅਰਜ਼ੀ ਸ਼ੁਰੂ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਆਪਣੀ ਸਨਾਖ਼ਤ ਦੇ ਹੇਠਾਂ ਲਿਖਿਆਂ ਵਿੱਚੋਂ ਦੋ ਸਬੂਤਾਂ ਦੀ ਲੋੜ ਹੋਵੇਗੀ:
   - ਡਰਾਈਵਰ ਲਾਇਸੈਂਸ
   - ਮੈਡੀਕੇਅਰ ਕਾਰਡ
   - ਆਸਟ੍ਰੇਲੀਆਈ ਪਾਸਪੋਰਟ
   - ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵੀਜ਼ਾ (ਆਸਟ੍ਰੇਲੀਆਈ ਪਾਸਪੋਰਟ ਤੋਂ ਬਗ਼ੈਰ ਲਈ)
   - ਆਸਟ੍ਰੇਲੀਆਈ ਜਨਮ ਸਰਟੀਫ਼ਿਕੇਟ, ਕਿਰਪਾ ਕਰਕੇ ਨੋਟ ਕਰੋ ਕਿ ਜਨਮ ਸਰਟੀਫ਼ਿਕੇਟ ਐਬਸਟਰੈਕਟ ਕਾਫ਼ੀ ਨਹੀਂ ਹੈ
   - ਵੰਸ਼ ਦੁਆਰਾ ਰਜਿਸਟ੍ਰੇਸ਼ਨ ਦਾ ਸਰਟੀਫ਼ਿਕੇਟ
   - ਨਾਗਰਿਕਤਾ ਸਰਟੀਫ਼ਿਕੇਟ
   - ImmiCard (ਇਮੀ ਕਾਰਡ)

   ਭਰੇ ਗਏ ਵੇਰਵੇ ਵਰਤੇ ਗਏ ID ਫਾਰਮ 'ਤੇ ਦਿੱਤੇ ਗਏ ਵੇਰਵਿਆਂ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ। ਹੋਰ ਜਾਣਕਾਰੀ ਲਈ USI ਦੀ ਵੈੱਬਸਾਈਟ[3] 'ਤੇ ਜਾਓ।
2. ਯਕੀਨੀ ਬਣਾਓ ਕਿ ਵਿਦਿਆਰਥੀ ਦੇ ਨਿੱਜੀ ਸੰਪਰਕ ਵੇਰਵੇ ਤਿਆਰ ਹਨ, ਜਿਵੇਂ ਕਿ ਈਮੇਲ ਪਤਾ।
3. USI ਵੈੱਬਸਾਈਟ[4] 'ਤੇ ਜਾਓ ਅਤੇ 'ਆਪਣੀ USI ਲੈਣ ਲਈ ਇੱਥੇ ਕਲਿੱਕ ਕਰੋ' ਬਟਨ 'ਤੇ ਕਲਿੱਕ ਕਰੋ ਅਤੇ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ।
4. ਜੇਕਰ ਕੋਈ ਵਿਦਿਆਰਥੀ VET ਯੋਗਤਾ ਪੂਰੀ ਕਰ ਰਿਹਾ ਹੈ, ਤਾਂ ਵਿਦਿਆਰਥੀ ਦੇ ਸਕੂਲ ਨੂੰ USI ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ।

[1] https://www.tisc.edu.au/static/guide/applying-online.tisc
[2] https://www.usi.gov.au/languages
[3] http://www.usi.gov.au/help-centre/proof-of-ID/Pages/proof-of-ID.aspx
[4] https://www.usi.gov.au/students/get-a-usi

D23/0257171
February 2023

CC BY
Exclusions may apply